# ਲੋਕ-ਪੱਖੀ ਨਾਟਕਾਂ ਬਾਰੇ ਪੁਨਰ-ਵਿਚਾਰ

ਹਰ ਸਾਲ ਵਾਂਗ 25-26 ਜਨਵਰੀ ਦੀ ਦਰਮਿਆਨੀ ਰਾਤ ਪਲਸ ਮੰਚ ਦਾ ਸਾਰੀ ਰਾਤ ਦਾ ਨਾਟਕ ਮੇਲਾ ਹੋਇਆ। ਇਸ ਮੇਲੇ ਵਿਚ ਛੇ ਨਾਟਕਾਂ ਦੀ ਪੇਸ਼ਕਾਰੀ ਹੋਈ। ਸਮੁੱਚੇ ਤੌਰ ਉਤੇ ਇਹ ਸਫਲ ਨਾਟਕ ਮੇਲਾ ਸੀ ਕਿਉਂਕਿ ਛੇ ਵਿਚੋਂ ਘੱਟ ਤੋਂ ਘੱਟ ਚਾਰ ਨਾਟਕ ਇਹੋ ਜਿਹੇ ਸਨ ਜੋ ਨਾਟਕ-ਕਲਾ ਦੇ ਮਿਆਰ ਉਤੇ ਪੂਰੇ ਉਤਰਦੇ ਸਨ। ਦਰਸ਼ਕਾਂ ਨੇ ਇਨ੍ਹਾਂ ਨਾਟਕਾਂ ਦਾ ਪੂਰਾ ਸਵਾਦ ਮਾਣਿਆ ਪਰ ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਨਾਟਕਾਂ ਦੇ ਵਿਸ਼ੇ ਅਤੇ ਨਾਟਕਾਂ ਰਾਹੀਂ ਦਿੱਤੇ ਸੁਨੇਹੇ ਸੰਜੀਦਾ ਵਿਚਾਰ ਦੀ ਮੰਗ ਕਰਦੇ ਹਨ, ਖਾਸ ਕਰਕੇ ਜੇ ਇਹ ਨਾਟਕ ਪਲਸ ਮੰਚ ਵਲੋਂ ਕਰਵਾਏ ਜਾ ਰਹੇ ਮੇਲੇ ਵਿਚ ਪੇਸ਼ ਹੋ ਰਹੇ ਹਨ।

ਅੱਜ ਤੋਂ 17 ਸਾਲ ਪਹਿਲਾਂ ਨਵੰਬਰ 1981 ਵਿਚ ਨਸਰਾਲੀ ਵਿਚ ਪਲਸ ਮੰਚ ਦਾ ਪਹਿਲਾ ਸਮਾਗਮ ਕੀਤਾ ਗਿਆ ਸੀ। ਇਸ ਸਮਾਗਮ ਵਿਚ ਇਹ ਤੈਅ ਕੀਤਾ ਗਿਆ ਕਿ ਪਲਸ ਮੰਚ ਭਾਵ ਪੰਜਾਬ ਲੋਕ ਸਭਿਆਚਾਰਕ ਮੰਚ (ਇਹ ਨਾਂ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਦੇ ਸੁਝਾਅ ਉਤੇ ਰੱਖਿਆ ਗਿਆ ਸੀ) ਲੋਕ -ਪੱਖੀ ਕਲਾ ਦਾ ਝੰਡਾਬਰਦਾਰ ਹੋਵੇਗਾ। ਇਹ ਝੰਡਾ ਉਚਾ ਰੱਖਣ ਵਾਲੀ ਗੱਲ ਆਪਣੇ ਆਪ ਵਿਚ ਵਚਨਬੱਧਤਾ ਦੀ ਪ੍ਰਤੀਕ ਹੈ। ਇਹ ਤੈਅ ਹੋਇਆ ਕਿ ਇਸ ਮੰਚ ਉਤੇ ਕੀਤੇ ਨਾਟਕ ਲਾਜ਼ਮੀ ਤੌਰ ਉਤੇ ਇਨਕਲਾਬੀ ਸੁਨੇਹਾ ਦੇਣਗੇ ਅਤੇ ਇਸ ਗਲੇ-ਸੜੇ ਨਿਜ਼ਾਮ ਨੂੰ ਬਦਲਣ ਲਈ ਪ੍ਰੇਰਨਾ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਆਪਣੇ ਨਾਟਕਾਂ ਰਾਹੀਂ ਸੰਵੇਦਨਸ਼ੀਲ ਸੁਨੇਹਾ ਦੇ ਰਹੇ ਸਨ। ਨਾਟਕੀ ਤਕਨੀਕ ਦੀ ਭੂਮਿਕਾ ਵੀ ਵਿਚਾਰ ਅਧੀਨ ਸੀ। ਇਹ ਵੀ ਹੌਲੇ ਹੌਲੇ ਅਮਲ ਰਾਹੀਂ ਤੈਅ ਹੋ ਚੁੱਕਾ ਸੀ ਕਿ ਕਿਹੜੇ ਅਦਾਰੇ ਨੇ ਕੀ ਕੰਮ ਕਰਨਾ ਹੈ। ਯੂਨੀਵਰਸਿਟੀਆਂ ਦੇ ਨਾਟਕ ਵਿਭਾਗਾਂ ਨੇ ਆਪਣੇ ਤੌਰ ਉਤੇ ਕੰਮ ਕਰਨਾ ਹੈ ਅਤੇ ਅਕੈਡਮੀਆਂ ਨੇ ਆਪਣੇ ਤੌਰ ਉਤੇ ਕੰਮ ਕਰਨਾ ਹੈ। ਪਲਸ ਮੰਚ ਨੇ ਲੋਕ ਪੱਖੀ ਨਾਟਕਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਨਿਭਾਉਣੀ ਹੈ।

ਪਲਸ ਮੰਚ ਦਾ ਮੁੱਢਲਾ ਦੌਰ ਇਨਕਲਾਬੀ ਨਾਟਕਾਂ ਦਾ ਦੌਰ ਸੀ। ਨਿਸ਼ਾਨਾ ਬਿਲਕੁਲ ਸਪੱਸ਼ਟ ਸੀ। ਪੰਜਾਬ ਵਿਚ ਅਤਿਵਾਦੀ ਲਹਿਰ ਪੂਰੇ ਸਿੱਖਰ ਉਤੇ ਸੀ। ਪਲਸ ਮੰਚ ਦੀਆਂ ਟੀਮਾਂ ਨੇ ਬੇਖੌਫ ਹੋ ਕੇ ਫਿਰਕੂ ਹਨੇਰੀ ਦਾ ਮੁਕਾਬਲਾ ਕੀਤਾ ਅਤੇ ਨਾਲ ਹੀ ਸਰਕਾਰੀ ਜਬਰ ਦੇ ਵਿਰੁੱਧ ਆਵਾਜ਼ ਉਠਾਈ। ਬਹੁਤ ਮੁਸ਼ਕਲ ਹਾਲਾਤ ਵਿਚ ਆਪਣੇ ਸਾਰੀ ਸਾਰੀ ਰਾਤ ਦੇ ਨਾਟਕ ਸਮਾਗਮ ਜਾਰੀ ਰੱਖੇ। ਹਥਿਆਰਬੰਦ ਵਾਲੰਟੀਅਰਾਂ ਨੇ ਸਮਾਗਮ ਦੀ ਆਪਣੇ ਤੌਰ ਉਤੇ ਪਹਿਰੇਦਾਰੀ ਕੀਤੀ। ਸਾਦਗੀ ਦੇ ਨਾਲ ਆਪਣੇ ਆਪਣੇ ਇਲਾਕਿਆਂ ਵਿਚ ਪਲਸ ਮੰਚ



## ਕਲਾ ਤੇ ਜ਼ਿੰਦਗੀ

**ਗੁਰਸ਼ਰਨ ਸਿੰਘ**

ਨੂੰ ਪੇਸ਼ ਕੀਤੇ ਗਏ ਨਾਟਕ ਇਸ ਪੁਨਰ ਵਿਚਾਰ ਲਈ ਮਸੌਦਾ ਦੇ ਸਕਦੇ ਹਨ।

ਪਹਿਲਾ ਨਾਟਕ ਜੋ ਇਸ ਮੇਲੇ ਉਤੇ ਪੇਸ਼ ਕੀਤਾ ਗਿਆ ਉਹ ਸੀ 'ਪਰਿੰਦੇ ਜਾਣ ਹੁਣ ਕਿੱਥੇ'? ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਹਾਣੀ 'ਕਿਹਰੂ ਦਸ ਨੰਬਰੀਆ' ਉਤੇ ਇਹ ਨਾਟਕ ਆਧਾਰਤ ਸੀ। ਦੇਸ਼ ਦੀ ਵੰਡ ਵੇਲੇ ਦੇ ਦੁਖਾਂਤ ਬਾਰੇ ਇਹ ਸ਼ਕਤੀਸ਼ਾਲੀ ਨਾਟਕ ਸੀ। ਡਾ. ਸਾਹਬ ਸਿੰਘ ਦੀ ਮਿਹਨਤ ਦਰਸ਼ਕਾਂ ਦੀ ਪੂਰੀ ਪ੍ਰਸੰਸਾ ਦੀ ਹੱਕਦਾਰ ਸੀ। ਪਰ ਇਕ ਸਵਾਲ ਦਰਸ਼ਕਾਂ ਦੇ ਮਨ ਵਿਚ ਉਠਿਆ ਕਿ ਫੇਰ ਮਾਨਵਵਾਦ ਨੂੰ ਕਰਨ ਵਾਲੇ ਕੀ ਕਰਨ? ਪਰਿੰਦੇ ਹੁਣ ਜਾਣ ਕਿੱਥੇ? ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਗੱਲਾਂ ਦਾ ਜਵਾਬ ਦੇਣਾ ਸਾਹਿਤਕਾਰਾਂ ਅਤੇ ਨਾਟਕਕਾਰਾਂ ਦਾ ਕੰਮ ਨਹੀਂ। ਸਿਆਣੇ ਲੋਕਾਂ ਨੇ ਸੁਨੇਹਾ ਆਪ ਲੈਣਾ ਹੁੰਦਾ ਹੈ।

ਇਹ ਗੱਲ ਹੰਸਾ ਸਿੰਘ ਦੀ ਬਿਆਸ ਦੀ ਟੀਮ ਵਲੋਂ ਪੇਸ਼ ਕੀਤੇ ਨਾਟਕ 'ਪੰਜੋਰਫਿਊਜਨ' ਉਤੇ ਲਾਗੂ ਹੁੰਦੀ ਹੈ। ਵਿਸ਼ੇ ਦੇ ਪੱਖੋਂ ਉਹ ਵੀ ਬਹੁਤ ਵਧੀਆ ਨਾਟਕ ਸੀ ਅਤੇ ਪੇਸ਼ਕਾਰੀ ਵੀ ਤਸੱਲੀਬਖਸ਼ ਸੀ। ਕਲਾਕਾਰ ਕੁੜੀ, ਜੋ ਇਕ

ਭਾਵੁਕ ਤੌਰ ਉਤੇ ਉਨ੍ਹਾਂ ਨੂੰ ਬਹੁਤਾ ਹਲੂਣ ਨਾ ਸਕਿਆ, ਭਾਵੇਂ ਹਰਵਿੰਦਰ ਦੀਵਾਨਾ ਦੀ ਬਰਨਾਲਾ ਟੀਮ ਨੇ ਗੰਗਈਆ ਦੀ ਪੇਸ਼ਕਾਰੀ ਵਿਚ ਅਜਮੇਰ ਔਲਖ ਦੀ ਸਕਰਿਪਟ ਨਾਲ ਪੂਰਾ ਇਨਸਾਫ ਕੀਤਾ।

ਇਕ ਨਾਟਕ ਅੰਮ੍ਰਿਤਸਰ ਦੀ ਟੀਮ ਵਲੋਂ ਨਰਿੰਦਰ ਸਾਂਘੀ ਦੀ ਨਿਰਦੇਸ਼ਨਾ ਥਲੇ 'ਰਿਹਾਈ' ਸੀ। ਇਹ ਨਾਟਕ ਸਮਕਾਲੀ ਸਥਿੱਤੀ ਦੀਆਂ ਬਹੁਤ ਸਾਰੀਆਂ ਤਹਿਆਂ ਨੂੰ ਛੂੰਹਦਾ ਸੀ। ਇਹ ਨਾਟਕ ਸ਼ਾਹਿਦ ਨਦੀਮ ਦੇ ਇਸੇ ਨਾਂ ਦੇ ਨਾਟਕ ਤੋਂ ਪ੍ਰੇਰਿਤ ਸੀ। ਨਰਿੰਦਰ ਸਾਂਘੀ ਨੇ ਆਪਣੀ ਜਾਣੀ ਹੋਈ ਸ਼ੈਲੀ ਵਿਚ ਇਸ ਨਾਟਕ ਨੂੰ ਪੇਸ਼ ਕੀਤਾ। ਕੁੱਝ ਬੇਬਾਕ ਬਿਆਨ ਇਸ ਨਾਟਕ ਦੀ ਵਿਸ਼ੇਸ਼ਤਾ ਸਨ। ਬੜੀ ਡਿਸਪਲਨ ਵਾਲੀ ਪੇਸ਼ਕਾਰੀ ਸੀ ਪਰ ਫੇਰ ਵੀ ਨਾਟਕ ਦੇ ਸੁਨੇਹੇ ਵਿਚ ਧੁੰਦਲਾਪਨ ਸੀ। ਭ੍ਰਿਸ਼ਟਾਚਾਰ, ਝੂਠ, ਜਬਰ, ਕੁਰਸੀ ਦੀ ਲਾਲਸਾ ਰੂਪਮਾਨ ਸੀ ਪਰ ਨਾਟਕਕਾਰ ਇਸ ਲਈ ਝਿਜਕ ਰਿਹਾ ਸੀ ਕਿ ਕਿਧਰੇ ਨਾਟਕ ਵਿਚ ਸਿਆਸਤ ਨਾ ਆ ਜਾਏ। ਸਿਆਸੀ ਮੁੱਦਿਆਂ ਉਤੇ ਨਾਟਕ ਸਿਆਸਤ ਦੀ ਗੱਲ ਖੁੱਲ੍ਹ ਕੇ ਨਾ ਕਰਨ ਕਰਕੇ ਅਧੂਰੇ ਰਹਿ ਜਾਂਦੇ ਹਨ। ਰਿਹਾਈ ਇਹਦੀ ਮਿਸਾਲ ਸੀ।

ਲੋਕ-ਪੱਖੀ ਨਾਟਕ ਲਹਿਰ, ਜੋ ਪੰਜਾਬ ਦੇ ਨਾਟਕ ਦਾ ਇਕ ਅਹਿਮ ਭਾਗ ਹੈ ਅਤੇ ਪਲਸ ਮੰਚ ਮੁੱਖ ਤੌਰ ਉਤੇ ਜਿਸ ਦੀ ਧਾਰਨੀ ਹੈ, ਦਾ ਸੋਚਣਾ ਬਣਦਾ ਹੈ ਕਿ ਨਾਟਕਾਂ ਦੀਆਂ ਸਕਰਿਪਟਾਂ

